ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਬਠਿੰਡਾ

2.61 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ, 123 ਕਰੋੜ ਦੀਆਂ ਅਦਾਇਗੀਆਂ ਕੀਤੀਆਂ

ਬਠਿੰਡਾ, 24 ਅਪ੍ਰੈਲ :

ਬਠਿੰਡਾ ਜ਼ਿਲ੍ਹੇ ਵਿਚ ਵੀਰਵਾਰ ਦੀ ਸ਼ਾਮ ਤੱਕ 2,61,346 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਇਹ ਜਾਣਕਾਰੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਨੇ ਦਿੱਤੀ ਹੈ। ਉਨ੍ਹਾਂ ਨੇ ਦੱਸਿਆ ਕਿ ਇਸ ਸਮੇਂ ਪਿੱਛਲੇ ਸਾਲਾਂ ਤੋਂ ਤੇਜ਼ ਰਫਤਾਰ ਤੇ ਕਣਕ ਦੀ ਖਰੀਦ ਹੋ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਅਜਿਹੀ ਇਸ ਲਈ ਸੰਭਵ ਹੋਇਆ ਕਿਉਂਕਿ ਸਰਕਾਰ ਨੇ ਕਿਸਾਨਾਂ ਦੀ ਸਹੂਲਤ ਅਤੇ ਸਮਾਜਿਕ ਦੂਰੀ ਬਣਾਈ ਰੱਖਣੀ ਯਕੀਨੀ ਬਣਾਉਣ ਲਈ ਖਰੀਦ ਕੇਂਦਰਾਂ ਦੀ ਗਿਣਤੀ 200 ਤੋ ਵਧਾ ਕੇ 442 ਕਰ ਦਿੱਤੀ। ਇਸ ਤਰਾਂ ਮੰਡੀ ਦਾ ਖੇਤਰਫਲ ਵੱਧ ਗਿਆ, ਮੰਡੀਆਂ ਕਿਸਾਨਾਂ ਦੇ ਹੋਰ ਨੇੜੇ ਹੋ ਗਈਆਂ ਅਤੇ ਸਮੇਂ ਸਿਰ ਕਿਸਾਨਾਂ ਨੂੰ ਪਾਸ ਜਾਰੀ ਹੋਣ ਨਾਲ ਕਿਸਾਨ ਤੇਜੀ ਨਾਲ ਫਸਲ ਮੰਡੀ ਵਿਚ ਲਿਆ ਰਹੇ ਹਨ ਅਤੇ ਜਿਆਦਾਤਰ ਕਿਸਾਨ ਜਿਸ ਦਿਨ ਫਸਲ ਲੈ ਕੇ ਆਉਂਦੇ ਹਨ ਉਸੇ ਦਿਨ ਉਨ੍ਹਾਂ ਦੀ ਫਸਲ ਤੁਲ ਜਾਂਦੀ ਹੈ।ਬੀਤੇ ਕੱਲ ਵੀ ਜ਼ਿਲ੍ਹੇ ਵਿਚ ਕੁੱਲ 53868 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਅਤੇ ਬੀਤੇ ਇਕ ਦਿਨ ਵਿਚ ਹੀ ਜ਼ਿਲ੍ਹੇ ਦੀਆਂ ਮੰਡੀਆਂ ਵਿਚ 52121 ਟਨ ਕਣਕ ਦੀ ਖਰੀਦ ਹੋਈ ਹੈ।ਉਨ੍ਹਾਂ ਨੇ ਦੱਸਿਆ ਕਿ ਮੰਡੀਆਂ ਵਿਚ ਖਰੀਦ ਜਾ ਰਹੀ ਕਣਕ ਦੀ ਅਦਾਇਗੀ ਵੀ ਨਾਲੋ ਨਾਲ ਸ਼ੁਰੂ ਕਰਵਾ ਦਿੱਤੀ ਗਈ ਹੈ ਅਤੇ ਬੀਤੇ ਦਿਨ ਤੱਕ ਜ਼ਿਲ੍ਹੇ ਵਿਚ 123 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।ਇਸ ਵਿਚ ਭਾਰਤੀ ਖੁਰਾਕ ਨਿਗਮ ਵੱਲੋਂ ਕੀਤੀ ਅਦਾਇਗੀ ਸ਼ਾਮਿਲ ਨਹੀਂ ਹੈ। ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਸ: ਮਨਦੀਪ ਸਿੰਘ ਮਾਨ ਨੇ ਦੱਸਿਆ ਕਿ ਪਨਗ੍ਰੇਨ ਨੇ ਹੁਣ ਤੱਕ 67719 ਮੀਟ੍ਰਿਕ ਟਨ, ਮਾਰਕਫੈਡ ਨੇ 75106 ਮੀਟ੍ਰਿਕ ਟਨ, ਪਨਸਪ ਨੇ 60465 ਮੀਟ੍ਰਿਕ ਟਨ, ਵੇਅਰਹਾਊਸ ਨੇ 38340 ਮੀਟ੍ਰਿਕ ਟਨ, ਐਫਸੀਆਈ ਨੇ 19642 ਮੀਟ੍ਰਿਕ ਟਨ ਅਤੇ ਵਪਾਰੀਆਂ ਨੇ 74 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਹੈ। ਇਸ ਤੋਂ ਬਿਨ੍ਹਾਂ ਹੁਣ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿਚੋਂ 123986 ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਵੀ ਹੋ ਚੁੱਕੀ ਹੈ। ਜ਼ਿਲ੍ਹਾ ਮੰਡੀ ਅਫ਼ਸਰ ਸ: ਕੰਵਰਪ੍ਰੀਤ ਸਿੰਘ ਬਰਾੜ ਨੇ ਦੱਸਿਆ ਕਿ ਕਿਸਾਨਾਂ ਨੂੰ ਆੜਤੀਆਂ ਦੇ ਮਾਰਫਤ ਨਾਲੋ ਨਾਲ ਪਾਸ ਜਾਰੀ ਕੀਤੇ ਜਾ ਰਹੇ ਹਨ।

I/20035/2020

O/O DISTRICT PUBLIC RELATIONS OFFICER, BATHINDA

GOVT PROCURES 2.61 LAKH METRIC TONNES OF WHEAT, MAKES PAYMENTS OF RS. 123 CRORE

Bathinda, 24 April : In Bathinda district, 2,61,346 metric tonnes of wheat have been procured till Thursday evening. This information has been given by the Deputy Commissioner Mr. B Sri Niwasan here on Friday. He said that at present the procurement of wheat was going on at a fast pace from previous years. He said that this was possible because the government had increased the number of procurement-centers from 200 to 442 to ensure the convenience and social distancing of the farmers. Thus, the area of the mandi increased, the mandis became closer to the farmers and with the timely issuance of passes to the farmers, the farmers are rapidly bringing their

produce in the mandi and most of the farmers being sold their crop on the same day. “A total of 53868 metric tonnes of wheat arrived in the district yesterday and 52121 tonnes of wheat has been procured in the mandis of the district in the last one day alone,” he added. So for payment of Rs 123 crore has been released against the procured wheat by state agencies except FCI.

District Food Supply Controller Mr. Mandeep Singh Mann further said that Pungrain has so far purchased 67719 metric tonnes, Markfed purchased 75106 metric tonnes, PUNSUP purchased 60465 metric tonnes, Warehouse purchased 38340 metric tonnes, FCI purchased 19642 metric tonnes while 74 metric tonnes wheat was procured by private traders. “Apart from this so far 123986 metric tonnes of wheat have been lifted from the mandis of the district,” he added.

Mr. Kanwarpreet Singh Brar, District Mandi Officer said that the passes are being issued to the farmers simultaneously through the Aratiyas.

I/20037/2020

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

7 ਐਨ.ਡੀ.ਆਰ.ਐਫ਼ ਵਲੋਂ ਮੰਡੀ ਗੋਬਿੰਦਪੁਰਾ ਵਿੱਚ ਕਿਸਾਨਾਂ ਤੇ ਲੇਬਰ ਨੂੰ ਵੰਡੇ ਮੁਫ਼ਤ ਮਾਸਕ

ਕਿਸਾਨਾਂ ਤੇ ਲੇਬਰ ਨੂੰ ਕਰਵਾਇਆ ਕਰੋਨਾ ਵਾਇਰਸ ਤੋਂ ਜਾਣੂ

ਬਠਿੰਡਾ, 24 ਅਪ੍ਰੈਲ : ਵਿਸ਼ਵ ਭਰ ਵਿਚ ਫ਼ੈਲ ਚੁੱਕੇ ਕਰੋਨਾ ਵਾਇਰਸ ਨੂੰ ਰੋਕਣ ਦੇ ਲਈ ਜਿੱਥੇ ਪੰਜਾਬ ਸਰਕਾਰ ਤੇ ਜ਼ਿਲਾ ਪ੍ਰਸ਼ਾਸਨ ਵਲੋਂ ਪੂਰੀ ਤਨਦੇਹੀ ਨਾਲ ਆਪਣੀਆਂ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ ਉੱਥੇ ਹੀ ਸਮਾਜ ਸੇਵੀ ਸੰਸਥਾਵਾਂ ਤੇ ਵੱਖ-ਵੱਖ ਵਿਭਾਗਾਂ ਵਲੋਂ ਵੀ ਇਸ ਵਾਇਰਸ ਨੂੰ ਫ਼ੈਲਣ ਤੋਂ ਰੋਕਣ ਦੇ ਲਈ ਦਿਨ ਰਾਤ ਇੱਕ ਕੀਤਾ ਹੋਇਆ ਹੈ। ਇਸੇ ਤਰਾਂ ਕਮਾਂਡੈਂਟ ਰਵੀ ਕੁਮਾਰ ਪਨਦਿੱਤਾ 7 ਐਨ.ਡੀ.ਆਰ.ਐਫ਼ ਬਠਿੰਡਾ ਦੇ ਦਿਸ਼ਾ ਨਿਰਦੇਸ਼ਾ ਹੇਠ ਮੰਡੀ ਗੋਬਿੰਦਪੁਰਾ ਵਿਚ ਕਿਸਾਨਾਂ ਤੇ ਲੇਬਰ ਨੂੰ ਹੱਥੀ ਬਣਾਏ ਮੁਫ਼ਤ ਮਾਸਕ ਵੰਡੇ ਗਏ।

ਇਸ ਮੌਕੇ ਐਨ.ਡੀ.ਆਰ.ਐਫ਼ ਦੇ ਨੁਮਾਇੰਦੇ ਸ਼੍ਰੀ ਬਲਜਿੰਦਰ ਸਿੰਘ ਸੰਧੂ ਨੇ ਮੰਡੀ ਵਿਚ ਕਿਸਾਨਾਂ ਤੇ ਕੰਮ ਕਰ ਰਹੀ ਲੇਬਰ ਨੂੰ ਕਰੋਨਾ ਵਾਇਰਸ ਦੇ ਦੁਸ਼ਪ੍ਰਭਾਵਾਂ ਬਾਰੇ ਵੀ ਜਾਣੂ ਕਰਵਾਇਆ। ਇਸ ਮੌਕੇ ਉਨਾਂ ਕਿਸਾਨਾਂ ਤੇ ਲੇਬਰ ਨੂੰ ਕਿਹਾ ਕਿ ਆਪਸੀ ਦੂਰੀ ਬਣਾ ਕੇ ਰੱਖੀ ਜਾਵੇ। ਮੂੰਹ 'ਤੇ ਮਾਸਕ ਲਗਾਉਣਾ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ ਉਨਾਂ ਕਿਹਾ ਕਿ ਹੱਥਾਂ ਨੂੰ ਵਾਰ ਵਾਰ ਸੈਨੀਟਾਈਜ਼ਰ ਨਾਲ ਜਾਂ ਪਾਣੀ ਨਾਲ ਚੰਗੀ ਤਰਾਂ ਧੋਣਾ ਚਾਹੀਦਾ ਹੈ ਤਾਂ ਜੋ ਅਸੀਂ ਇਸ ਵਾਇਰਸ ਨੂੰ ਫ਼ੈਲਣ ਤੋਂ ਰੋਕ ਸਕੀਏ। ਇਸ ਤੋਂ ਇਲਾਵਾ ਐਨ.ਡੀ.ਆਰ.ਐਫ਼. ਵਲੋਂ ਪੂਰੀ ਮੰਡੀ ਨੂੰ ਸੈਨੀਟਾਈਜ਼ ਵੀ ਕਰਵਾਇਆ ਗਿਆ।

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਖ਼ੂਨਦਾਨ, ਮਹਾਂਦਾਨ

ਯੰਗ ਬਲੱਡ ਕਲੱਬ ਵਲੋਂ 17 ਤੇ ਯੂਨਾਈਟਿਡ ਵੈਲਫ਼ੇਅਰ ਸੰਸਥਾ ਨੇ 10 ਯੂਨਿਟ ਕੀਤਾ ਖ਼ੂਨਦਾਨ

ਸੰਤ ਨਿਰਕਾਰੀ ਮਿਸ਼ਨ ਵਲੋਂ 1500 ਮਾਸਕ ਰੈੱਡ ਕਰਾਸ ਨੂੰ ਕੀਤੇ ਗਏ ਭੇਂਟ

ਬਠਿੰਡਾ, 24 ਅਪ੍ਰੈਲ : ਬਠਿੰਡਾ ਦੀ ਟੀਮ ਯੰਗ ਬਲੱਡ ਕਲੱਬ (ਰਜਿ.) ਨੇ ਸਿਵਲ ਹਸਪਤਾਲ ਬਠਿੰਡਾ ਦੇ ਬਲੱਡ ਬੈਂਕ ਵਿੱਚ ਜਾ ਕੇ 17 ਯੂਨਿਟ ਖ਼ੂਨਦਾਨ ਕੀਤਾ। ਉਨਾਂ ਦੱਸਿਆ ਕਿ ਤਾਲਾਬੰਦੀ ਦੇ ਦੌਰਾਨ ਹੁਣ ਤੱਕ ਯੰਗ ਬਲੱਡ ਕਲੱਬ ਵਲੋਂ 125 ਯੂਨਿਟ ਖ਼ੂਨਦਾਨ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਯੂਨਾਈਟਿਡ ਵੈਲਫ਼ੇਅਰ ਸੰਸਥਾ ਵਲੋਂ ਵੀ 10 ਯੂਨਿਟ ਖ਼ੂਨਦਾਨ ਕੀਤਾ ਗਿਆ। ਇਹ ਖ਼ੂਨ ਥੇਲਸੀਮਕ ਬੱਚਿਆਂ ਲਈ, ਕੈਂਸਰ ਦੇ ਮਰੀਜ਼ਾਂ, ਗਰਵਵਤੀ ਔਰਤਾਂ ਦੀ ਲੋੜ ਲਈ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਸੰਤ ਨਿਰੰਕਾਰੀ ਮਿਸ਼ਨ ਵਲੋਂ ਵੀ 1500 ਮਾਸਕ ਜ਼ਿਲਾ ਰੈੱਡ ਕਰਾਸ ਨੂੰ ਭੇਂਟ ਕੀਤੇ ਗਏ। ਇਹ ਜਾਣਕਾਰੀ ਜ਼ਿਲਾ ਰੈਡ ਕਰਾਸ ਦੇ ਸਕੱਤਰ ਸ੍ਰੀ ਦਰਸ਼ਨ ਕੁਮਾਰ ਨੇ ਸਾਂਝੀ ਕੀਤੀ।

ਉਨਾਂ ਦੱਸਿਆ ਇਹ ਖ਼ੂਨਦਾਨ ਦੀ ਸੇਵਾ ਭਵਿੱਖ ਵਿਚ ਵੀ ਇਸੇ ਤਰਾਂ ਹੀ ਜਾਰੀ ਰਹੇਗੀ। ਇਸ ਸੇਵਾ ਨੂੰ ਸਹੀ ਤਰੀਕੇ ਨਾਲ ਚਲਾਉਣ ਲਈ ਕਲੱਬ ਦੇ ਸਾਥੀ ਰਿਸ਼ੂ ਖੱਤਰੀ, ਬਹਾਦਰ ਸਿੰਘ, ਸੋਨੂ, ਰਾਜੇਸ਼, ਸਨੀ, ਬਬਲਾ, ਨੇਗੀ ਤੇ ਗੌਰਵ ਆਦਿ ਆਪਣੀ ਤਨਦੇਹੀ ਤੇ ਇਮਾਨਦਾਰੀ ਨਾਲ ਸਮਾਜ ਪ੍ਰਤੀ ਕੰਮ ਵਿੱਚ ਲੱਗੇ ਹੋਏ ਹਨ। ਇਸ ਤੋਂ ਇਲਾਵਾ ਯੰਗ ਬਲੱਡ ਦੀ ਟੀਮ ਨੇ ਸਾਰੇ ਖ਼ੂਨਦਾਨੀਆਂ ਦਾ ਤਹਿਦਿਲੋਂ ਸ਼ੁਕਰਾਨਾ ਕੀਤਾ। ਇਸ ਮੌਕੇ ਉਨਾਂ ਨੂੰ ਸਰਟੀਫਿਕੇਟ ਤੇ ਸ਼ੀਲਡ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ।

I/20094/2020

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਕੋਵਿਡ-19

## ਜ਼ਿਲੇ ਦੇ ਸਮੂਹ ਡਿਪੂ ਹੋਲਡਰ ਐਸੋਸੀਏਸ਼ਨ ਬਠਿੰਡਾ ਵਲੋਂ 50 ਹਜ਼ਾਰ ਰੁਪਏ ਦਾ ਪਾਇਆ ਯੋਗਦਾਨ

ਬਠਿੰਡਾ, 24 ਅਪ੍ਰੈਲ : ਜ਼ਿਲਾ ਕੰਟਰੋਲਰ ਖ਼ੁਰਾਕ ਸਿਵਲ ਸਪਲਾਈ ਤੇ ਖ਼ਪਤਕਾਰ ਮਾਮਲ ਬਠਿੰਡਾ ਸ੍ਰੀ ਮਨਦੀਪ ਸਿੰਘ ਮਾਨ ਦੀ ਅਗਵਾਈ ਤੇ ਰਹਿਨੁਮਾਈ ਹੇਠ ਕੋਵਿਡ-19 ਦੀ ਇਸ ਭਿਆਨਕ ਬਿਮਾਰੀ ਨਾਲ ਨਜਿੱਠਣ ਦੇ ਲਈ ਸੀ.ਐਮ. ਰਲੀਫ਼ ਫ਼ੰਡ ਵਿੱਚ ਜ਼ਿਲੇ ਦੇ ਸਮੂਹ ਡਿਪੂ ਹੋਲਡਰ ਐਸੋਸੀਏਸ਼ਨ ਬਠਿੰਡਾ ਵਲੋਂ ਰਾਹਤ ਕੋਸ਼ ਵਿੱਚ 50 ਹਜ਼ਾਰ ਰੁਪਏ ਦਾ ਯੋਗਦਾਨ ਪਾਇਆ ਗਿਆ।

ਉਨਾ ਦੱਸਿਆ ਕਿ ਇਹ ਯੋਗਦਾਨ ਪ੍ਰਧਾਨ ਸ੍ਰੀ ਸੰਤੋਖ ਸਿੰਘ, ਸ੍ਰੀ ਭੋਲਾ ਸਿੰਘ, ਪ੍ਰਧਾਨ ਗੋਨਿਆਣਾ ਸਰਕਲ ਸ੍ਰੀ ਗੁਰਜੰਟ ਸਿੰਘ, ਚੇਅਰਮੈਨ ਬਲਾਕ ਸੰਮਤੀ, ਸ੍ਰੀ ਮੇਜਰ ਸਿੰਘ, ਡਿਪੂ ਹੋਲਡਰ ਮਹਿਮਾ ਸਰਜਾ ਸ੍ਰੀ ਜਗਵੀਰ ਸਿੰਘ, ਡਿਪੂ ਹੋਲਡਰ ਕੋਠੇ ਨਾਥੇਆਣਾ ਸ੍ਰੀ ਦਵਿੰਦਰ ਸਿੰਘ, ਡਿਪੂ ਹੋਲਡਰ ਜੰਡਾ ਵਾਲਾ ਸ੍ਰੀ ਹਰਜਿੰਦਰ ਪਾਲ ਸ਼ਰਮਾ, ਡਿਪੂ ਹੋਲਡਰ ਅਕਲੀਆ ਕਲਾਂ ਸ੍ਰੀ ਹੇਮ ਰਾਜ, ਡਿਪੂ ਹੋਲਡਰ ਗੋਨਿਆਣਾ ਸ੍ਰੀ ਰਾਮੇਸ਼ ਕੁਮਾਰ, ਡਿਪੂ ਹੋਲਡਰ ਮਹਿਮਾ ਸਰਜਾ, ਸ੍ਰੀ ਗੁਵਿੰਦਰ ਸਿੰਘ, ਡਿਪੂ ਹੋਲਡਰ ਦਾਨ ਸਿੰਘ ਵਾਲਾ ਵਲੋਂ ਰਾਸ਼ੀ ਭੇਂਟ ਕੀਤੀ ਗਈ।

I/20092/2020

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਕੋਵਿਡ 19

ਬਠਿੰਡਾ ਜ਼ਿਲ੍ਹੇ ਤੋਂ ਭੇਜੇ 29 ਸੈਂਪਲਾਂ ਦੀ ਰਿਪੋਟ ਆਈ ਨੈਗੇਟਿਵ, 2 ਸੈਂਪਲ ਦੁਬਾਰਾ ਅਤੇ 20 ਨਵੇਂ ਭੇਜੇ

ਬਠਿੰਡਾ,24 ਅਪ੍ਰੈਲ : ਬਠਿੰਡਾ ਜ਼ਿਲ੍ਹੇ ਤੋਂ ਕਰੋਨਾ ਦੇ ਭੇਜੇ ਗਏ 29 ਹੋਰ ਸੈਂਪਲਾਂ ਦੀ ਰਿਪੋਟ ਨੈਗੇਟਿਗ ਪ੍ਰਾਪਤ ਹੋਈ ਹੈ। ਇਹ ਜਾਣਕਾਰੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਨੇ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਹੁਣ ਤੱਕ ਭੇਜੇ ਸਾਰੇ ਸੈਂਪਲਾਂ ਦੀ ਰਿਪੋਟ ਨੈਗੇਟਿਗ ਪ੍ਰਾਪਤ ਹੋਈ ਹੈ ਪਰ ਇਸ ਨਾਲ ਸਾਨੂੰ ਆਪਣੀਆਂ ਸਾਵਧਾਨੀਆਂ ਨੂੰ ਪਹਿਲਾਂ ਨਾਲੋਂ ਵੀ ਜਿਆਦਾ ਮਜਬੂਤੀ ਨਾਲ ਲਾਗੂ ਕਰਨ ਦੀ ਜਰੂਰਤ ਹੈ। ਉਨ੍ਹਾਂ ਨੇ ਜ਼ਿਲ੍ਹਾ ਵਾਸੀਆਂ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਲਈ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਅਸੀਂ ਕਰੋਨਾ ਵਾਇਰਸ ਨੂੰ ਜ਼ਿਲ੍ਹੇ ਵਿਚ ਬਾਹਰ ਰੱਖਣ ਵਿਚ ਕਾਮਯਾਬ ਹੋਏ ਹਾਂ। ਉਨ੍ਹਾਂ ਨੇ ਅਪੀਲ ਕੀਤੀ ਕਿ ਲੋਕ ਇਸੇ ਤਰਾਂ ਸਵੈ ਜਾਬਤੇ ਨਾਲ ਕਰਫਿਊ ਦੀ ਪਾਲਣਾ ਕਰਦੇ ਰਹਿਣ ਤਾਂ ਜ਼ੋ ਕੋਵਿਡ 19 ਬਿਮਾਰੀ ਨੂੰ ਜ਼ਿਲ੍ਹੇ ਵਿਚ ਆਉਣ ਤੋ ਸਥਾਈ ਤੌਰ ਤੇ ਰੋਕੀ ਰੱਖਿਆ ਜਾ ਸਕੇ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ: ਅਮਰੀਕ ਸਿੰਘ ਨੇ ਦੱਸਿਆ ਕਿ ਵੀਰਵਾਰ ਨੂੰ ਜ਼ਿਲ੍ਹੇ ਵਿਚ 20 ਨਵੇਂ ਸੈਂਪਲ ਲਏ ਗਏ ਹਨ ਜਦ ਕਿ 2 ਨਮੂਨੇ ਦੁਬਾਰਾ ਲੈ ਕੇ ਭੇਜੇ ਗਏ ਹਨ। ਇਸ ਤਰਾਂ ਹੁਣ ਜ਼ਿਲ੍ਹੇ ਵਿਚੋਂ ਗਏ 22 ਨਮੂਨਿਆਂ ਦੀ ਰਿਪੋਟ ਆਉਣੀ ਬਾਕੀ ਹੈ। ਉਨ੍ਹਾਂ ਨੇ ਲੋਕਾਂ ਨੂੰ ਇਕ ਦੂਜੇ ਤੋਂ ਦੂਰੀ ਬਣਾਈ ਰੱਖਣ ਅਤੇ ਵਾਰ ਵਾਰ ਹੱਥ ਧੋਂਦੇ ਰਹਿਣ ਤੇ ਹੋਰ ਸਾਰੀਆਂ ਸਾਵਧਾਨੀਆਂ ਵਰਤਨ ਲਈ ਕਿਹਾ ਹੈ।

I/20025/2020

OFFICE DISTRICT PUBLIC RELATIONS OFFICER, BATHINDA

COVID 19

BATHINDA: 29 MORE NEGATIVE REPORT, 22 PENDING

Bathinda, 24 April : In Bathinda district 29 more negative reports received from laboratory regarding Covid 19. This was stated by Deputy Commissioner Mr. B Sri Niwasan. "The report of all the samples sent so far has been negative but with this we need to enforce our precautions more strongly than before," he said. He thanked the people of the district for their support and said that with the cooperation of the people we have been able to keep the corona virus out of the district. He appealed to the people to continue to follow the curfew in a

self-disciplined manner so that the disease could be permanently prevented from entering the district.

While sharing more information Civil Surgeon Dr. Amrik Singh said that on Thursday 20 new samples have been taken in the district while 2 samples have been repeated. As many as 22 samples from the district are yet to be reported. He asked the people to keep their distance from each other and to wash their hands frequently and to take all other precautions.

I/20026/2020

ਦਫ਼ਤਰ ਜ਼ਿਲਾ ਲੋਕ ਸੰਪਕਰ ਅਫ਼ਸਰ, ਬਠਿੰਡਾ

ਪਾਨ, ਪਾਨ-ਮਸਾਲਾ, ਚਿਊਗਮ, ਬਬਲਗਮ ਚੱਬਣ ਵਾਲਾ ਤੰਬਾਕੂ ਤੇ ਜਰਦਾ ਦੀ ਵਰਤੋਂ ਤੇ ਵਿਕਰੀ 'ਤੇ 'ਤੇ ਪਾਬੰਦੀ ਹੁਕਮ ਰਹਿਣਗੇ 22 ਜੂਨ 2020 ਤੱਕ ਲਾਗੂ

ਬਠਿੰਡਾ, 24 ਅਪ੍ਰੈਲ : ਵਧੀਕ ਜ਼ਿਲਾ ਮੈਜਿਸਟ੍ਰੇਟ ਬਠਿੰਡਾ ਸ਼੍ਰੀ ਰਾਜਦੀਪ ਸਿੰਘ ਬਰਾੜ ਨੇ ਧਾਰਾ 144 ਜ਼ਾਬਤਾ ਫ਼ੌਜਦਾਰੀ ਸੰਘਤਾ 1973 ਦੀ ਵਰਤੋਂ ਕਰਦਿਆਂ ਜ਼ਿਲਾ ਬਠਿੰਡਾ ਵਿੱਚ ਪਾਨ, ਪਾਨ-ਮਸਾਲਾ, ਚਿਊਗਮ, ਬਬਲਗਮ ਚੱਬਣ ਵਾਲਾ ਤੰਬਾਕੂ ਤੇ ਜਰਦਾ ਆਦਿ ਦੀ ਵਰਤੋਂ ਤੇ ਵਿਕਰੀ 'ਤੇ ਪੂਰਨ ਤੌਰ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।

ਇਸ ਤੋਂ ਇਲਾਵਾ ਜਾਰੀ ਹੁਕਮਾਂ ਮੁਤਾਬਿਕ ਕਿਹਾ ਕਿ ਪਾਨ, ਪਾਨ-ਮਸਾਲਾ, ਚਿਊਗਮ, ਬਬਲਗਮ ਚੱਬਣ ਵਾਲਾ ਤੰਬਾਕੂ ਤੇ ਜਰਦਾ ਤੋਂ ਇਲਾਵਾ ਹੋਰ ਪਦਾਰਥ ਜਿਨਾਂ ਦੀ ਵਰਤੋਂ ਬਾਅਦ ਥੁੱਕਿਆ ਜਾਂਦਾ ਹੈ। ਉਨਾਂ ਕਿਹਾ ਕਿ ਬਠਿੰਡਾ ਜ਼ਿਲੇ ਵਿੱਚ ਬੈਂਕ ਖੁੱਲਣ ਨਾਲ ਆਮ ਜਨਤਾ ਬੈਂਕਾਂ ਵਿੱਚ ਆਉਣ ਜਾਣਾ ਹੈ। ਕਈ ਲੋਕਾਂ ਵਲੋਂ ਇਨਾਂ ਪਦਾਰਥਾਂ ਦੀ ਵਰਤੋਂ ਕਰਨ ਉਪਰੰਤ ਪਬਲਿਕ ਥਾਵਾਂ 'ਤੇ ਵਾਰ-ਵਾਰ ਥੁੱਕਣ ਦੇ ਨਾਲ ਕਰੋਨਾ ਮਹਾਂਮਾਰੀ ਦੇ ਫੈਲਣ ਦੇ ਆਸਾਰ ਵੱਧ ਸਕਦੇ ਹਨ, ਜਿਸ ਨਾਲ ਮਾਲੀ ਨੁਕਸਾਨ ਵੀ ਹੋ ਸਕਦਾ ਹੈ। ਇਹ ਹੁਕਮ 22 ਜੂਨ 2020 ਤੱਕ ਲਾਗੂ ਰਹਿਣਗੇ।

I/20028/2020

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਬਠਿੰਡਾ

ਦਵਾਈ ਵਿਕ੍ਰੇਤਾਵਾਂ ਨੂੰ ਫਲੂ, ਖੰਘ ਅਤੇ ਜ਼ੁਕਾਮ ਦੇ ਇਲਾਜ ਦੀਆਂ ਦਵਾਈਆਂ ਖਰੀਦਣ ਵਾਲਿਆਂ ਸਬੰਧੀ ਸਿਵਲ ਸਰਜਨ ਦਫ਼ਤਰ ਨੂੰ ਇਤਲਾਹ ਦੇਣ ਦੀ ਹਦਾਇਤ

ਬਠਿੰਡਾ, 24 ਅਪ੍ਰੈਲ : ਕੋਵਿਡ-19 ਮਹਾਮਾਰੀ ਦੌਰਾਨ ਸੰਭਾਵਤ ਮਰੀਜ਼ਾਂ ’ਤੇ ਨਜ਼ਰ ਰੱਖਣ ਲਈ ਸਿਹਤ ਮੰਤਰੀ ਸ: ਬਲਬੀਰ ਸਿੰਘ ਸਿੱਧੂ ਨੇ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਫੂਡ ਐਂਡ ਡਰੱਗਜ਼ ਐਡਮਨਿਸਟ੍ਰੇਸ਼ਨ ਪੰਜਾਬ ਦੇ ਸਮੂਹ ਜ਼ੋਨਲ ਲਾਇਸੈਂਸਿੰਗ ਅਧਿਕਾਰੀ ਆਪਣੇ ਅਧਿਕਾਰ ਖੇਤਰ ਵਿਚ ਦਵਾਈ ਵਿਕ੍ਰੇਤਾਵਾਂ ਨੂੰ ਜਾਗਰੂਕ ਕਰਨ ਕਿ ਜਦ ਵੀ ਕੋਈ ਉਨ੍ਹਾਂ ਤੋਂ ਫਲੂ, ਖੰਘ ਜਾਂ ਜ਼ੁਕਾਮ ਦੇ ਇਲਾਜ ਲਈ ਵਰਤੀ ਜਾਣੀ ਵਾਲੀ ਕੋਈ ਦਵਾਈ ਖਰੀਦਣ ਆਵੇ ਤਾਂ ਅਜਿਹੇ ਵਿਅਕਤੀ ਦੀ ਸੂਚਨਾ ਸਿਵਲ ਸਰਜਨ ਦਫ਼ਤਰ ਨੂੰ ਦਿੱਤੀ ਜਾਵੇ।

ਡਾ ਅਮਰੀਕ ਸਿੰਘ ਸੰਧੂ ਸਿਵਲ ਸਰਜਨ ਬਠਿੰਡਾ ਨੇ ਦੱਸਿਆ ਕਿ ਫਲੂ, ਖਾਂਸੀ ਅਤੇ ਜ਼ੁਕਾਮ ਦੇ ਇਲਾਜ ਲਈ ਕਿਸੇ ਵਿਅਕਤੀ ਨੂੰ ਦਵਾਈਆਂ ਦੀ ਵਿਕਰੀ ਜਾਂ ਸਪਲਾਈ ਸੰਬੰਧੀ ਜਾਣਕਾਰੀ ਦੇਣਾ ਲੋਕਾਂ ਦੇ ਹਿੱਤ ਲਈ ਅਤੇ ਕਰੋਨਾ ਦੀ ਲਾਗ ਤੋਂ ਬਚਾਅ ਸੰਬਧੀ ਬਹੁਤ ਜ਼ਰੂਰੀ ਹੈ। ਇਸ ਲਈ ਸਾਰੇ ਦਵਾਈ ਵਿਕ੍ਰੇਤਾ ਇਸ ਸਬੰਧੀ ਉਨ੍ਹਾਂ ਤੋਂ ਅਜਿਹੀਆਂ ਦਵਾਈਆਂ ਦੀ ਖਰੀਦ ਕਰਨ ਵਾਲੇ ਲੋਕਾਂ ਦੀ ਸੂਚਨਾ ਉਨ੍ਹਾਂ ਦੇ ਦਫ਼ਤਰ ਨੂੰ ਦੇਣ।ਨਿਯਮਤ ਰਿਪੋਟ ਦੇਣ ਤੋਂ ਇਲਾਵਾ ਇਸ ਸਬੰਧੀ ਕੋਈ ਵੀ ਜਾਣਕਾਰੀ ਲਈ ਦਵਾ ਵਿਕ੍ਰੇਤਾ ਸਿਵਲ ਸਰਜਨ ਦਫ਼ਤਰ ਦੇ ਕੰਟਰੋਲ ਰੂਮ ਨੰਬਰ 0164-2212501 ਜਾਂ 70871-69731 ਜਾਂ 70870-86291 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

I/20103/2020

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਬਿਹਾਰ ਅਤੇ ਮੱਧ ਪ੍ਰਦੇਸ਼ ਨਾਲ ਸਬੰਧਤ ਪ੍ਰਵਾਸੀ ਮਜਦੂਰ ਕਰਵਾਉਣ ਰਜਿਸਟ੍ਰੇਸ਼ਨ, ਸਬੰਧਤ ਸਰਕਾਰ ਦੇਵੇਗੀ 1000 ਰੁਪਏ

ਬਠਿੰਡਾ, 24 ਅਪ੍ਰੈਲ : ਡਿਪਟੀ ਕਮਿਸ਼ਨਰ ਬਠਿੰਡਾ ਸ੍ਰੀ ਬੀ ਸ੍ਰੀ ਨਿਵਾਸ਼ਨ ਨੇ ਦੱਸਿਆ ਕਿ ਬਿਹਾਰ ਅਤੇ ਮੱਧ ਪ੍ਰਦੇਸ਼ ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਲਾਕਡਾਊਨ ਦੌਰਾਨ ਦੂਜੇ ਰਾਜਾਂ ਵਿੱਚ ਫਸੇ ਬਿਹਾਰ ਅਤੇ ਮੱਧ ਪ੍ਰਦੇਸ਼ ਰਾਜ ਨਾਲ ਸਬੰਧਤ ਮਜਦੂਰ ਪਰਿਵਾਰਾਂ ਅਤੇ ਹੋਰ ਜਰੂਰਤਮੰਦ ਵਿਅਕਤੀਆਂ ਦੇ ਖਾਤਿਆਂ ਵਿੱਚ 1000/- ਰੁਪਏ ਦੀ ਰਾਸ਼ੀ ਪਾਈ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਬੰਧੀ ਬਿਹਾਰ ਸਰਕਾਰ ਵੱਲੋਂ ਵੈੱਬਸਾਈਟ www.aapda.bih.nic.in ਜਾਰੀ ਕੀਤੀ ਹੈ ਜਿਸ ਤੇ ਲਾਭਪਾਤਰੀ ਖੁਦ ਨੂੰ ਰਜਿਸਟਰਡ ਕਰ ਕੇ ਇਸ ਦਾ ਲਾਹਾ ਲੈ ਸਕਦੇ ਹਨ।ਉਨ੍ਹਾਂ ਨੇ ਦੱਸਿਆ ਕਿ ਇਹ ਸਕੀਮ ਸਿਰਫ ਬਿਹਾਰ ਦੇ ਉਨ੍ਹਾਂ ਵਸਨੀਕਾਂ ਲਈ ਹੈ ਜੋ ਕੋਰੋਨਾ ਵਾਇਰਸ ਕਾਰਨ ਦੂਜੇ ਰਾਜਾਂ ਵਿੱਚ ਫਸੇ ਹੋਏ ਹਨ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜਰੂਰੀ ਦਸਤਾਵੇਜ ਜਿਵੇਂ ਲਾਭਪਾਤਰੀ ਦਾ ਅਧਾਰ ਕਾਰਡ, ਬੈਂਕ ਦਾ ਖਾਤਾ ਨੰਬਰ ਜਿਸ ਦੀ ਬਰਾਂਚ ਬਿਹਾਰ ਰਾਜ ਵਿੱਚ ਹੋਵੇ, ਇਸ ਤੋਂ ਇਲਾਵਾ ਇਕ ਸਾਫ ਤਸਵੀਰ (ਸੈਲਫੀ) ਜੋ ਅਧਾਰ ਕਾਰਡ ਨਾਲ ਮੇਲ ਖਾਂਦੀ ਹੋਵੇ ਅਪਲੋਡ ਕਰਨੀ ਹੋਵੇਗੀ ਅਤੇ ਇੱਕ ਅਧਾਰ ਨੰਬਰ ਤੇ ਇੱਕ ਹੀ ਰਜਿਸਟ੍ਰੇਸ਼ਨ ਕੀਤੀ ਜਾਵੇ ਮੋਬਾਇਲ ਨੰਬਰ ਤੇ ਪ੍ਰਾਪਤ ਓਟੀਪੀ ਦੀ ਮੋਬਾਇਲ ਐਪ ਤੇ ਵਰਤੋਂ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਰਾਸ਼ੀ ਸਿੱਧੀ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਹੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਬੰਧੀ ਬਿਹਾਰ ਭਵਨ ਨਵੀਂ ਦਿੱਲੀ ਵਿਖੇ ਹੈਲਪਲਾਈਨ ਨੰਬਰ 011-23792009, 23014326 ਅਤੇ 23013884 ਵੀ ਸਥਾਪਿਤ ਕੀਤੇ ਗਏ ਹਨ । ਇਸ ਤੋਂ ਇਲਾਵਾ ਪਟਨਾ ਕੰਟਰੋਲ ਰੂਮ ਨੰਬਰ 0612-2294204, 2294205 ਵੀ ਸਥਾਪਿਤ ਕੀਤੇ ਗਏ ਹਨ।ਇੱਥੇ ਵੀ ਇਹ ਲੋਕ ਕਾਲ ਕਰ ਸਕਦੇ ਹਨ। ਇਸੇ ਤਰਾਂ ਮੱਧ ਪ੍ਰਦੇਸ਼ ਸਰਕਾਰ ਵੱਲੋਂ ਵੀ ਦੂਜੇ ਰਾਜਾਂ ਵਿਚ ਫਸੇ ਆਪਣੇ ਨਾਗਰਿਕਾਂ ਲਈ ਇਕ ਹੈਲਪਲਾਈਨ ਨੰਬਰ ਜਾਰੀ ਕੀਤਾ ਗਿਆ ਹੈ। ਇਹ ਨੰਬਰ ਹੈ 0755-2411180 ਹੈ। ਮੱਧ ਪ੍ਰਦੇਸ਼ ਨਾਲ ਸਬੰਧਤ ਨਾਗਰਿਕ ਇਸ ਨੰਬਰ ਤੇ ਕਾਲ ਕਰਕੇ ਆਪਣੀ ਪੂਰੀ ਜਾਣਕਾਰੀ ਦਰਜ ਕਰਵਾ ਸਕਦੇ ਹਨ। ਜਿਸ ਤੇ ਮੱਧ ਪ੍ਰਦੇਸ਼ ਸਰਕਾਰ ਅਜਿਹੇ ਲੋਕਾਂ ਦੇ ਖਾਤੇ ਵਿਚ 1 ਹਜਾਰ ਰੁਪਏ ਦੀ ਮਦਦ ਪਾਏਗੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਤੋਂ ਬਿਨ੍ਹਾਂ ਪ੍ਰਵਾਸੀ ਮਜਦੂਰ ਕਿਸੇ ਵੀ ਮੁਸਕਿਲ ਸਮੇਂ ਪੰਜਾਬ ਸਰਕਾਰ ਦੇ ਜ਼ਿਲ੍ਹਾ ਪੱਧਰ ਦੇ ਹੈਲਪਲਾਈਨ ਨੰਬਰ 0164-2241290 ਤੇ ਸੰਪਰਕ ਕਰ ਸਕਦੇ ਹਨ ਜਿੱਥੋਂ ਉਨ੍ਹਾਂ ਨੂੰ ਸਥਾਨਕ ਪੱਧਰ ਤੇ ਹਰ ਮਦਦ ਮੁਹਈਆ ਕਰਵਾਈ ਜਾਵੇਗੀ।

I/20132/2020